Australian Government

counselling help support cooperative safe children develop confidential improve

# ਵੱਖ ਹੋ ਜਾਣ ਤੋਂ ਬਾਅਦ ਮਾਂ-ਪਿਓ ਲਈ ਮਦਦ

ਜਿੱਥੇ ਵੱਖ ਹੋਏ ਪਰਿਵਾਰਾਂ ਵਿੱਚ ਪਰਵਰਿਸ਼-ਸੰਬੰਧੀ ਪ੍ਰਬੰਧਾਂ ਨੂੰ ਲੈ ਕੇ ਬਹੁਤ ਜ਼ਿਆਦਾ ਝਗੜਾ ਹੁੰਦਾ ਹੈ, ਉੱਥੇ ਆਸਟ੍ਰੇਲਿਆਈ ਸਰਕਾਰ ਨੇ ਪੂਰੇ ਆਸਟ੍ਰੇਲੀਆ ਵਿੱਚ ਪੇਰਨਟਿੰਗ ਆਰਡਰਸ ਪ੍ਰੋਗਰਾਮ (ਪਰਵਰਿਸ਼-ਸਬੰਧੀ ਆਦੇਸ਼ ਪ੍ਰੋਗਰਾਮ) ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸਰਵਿਸਿਜ਼ (ਵੱਖ ਹੋਣ ਮਗਰੋਂ ਸਹਿਯੋਗਾਤਮਕ ਪਰਵਰਿਸ਼ ਸੇਵਾਵਾਂ) ਤੇ ਧਨ-ਰਾਸ਼ੀ ਲਗਾਈ ਹੈ ਤਾਂਜੋ ਮਾਪਿਆਂ ਨੂੰ ਆਪਣੇ ਬੱਚਿਆਂ ਤੇ ਧਿਆਨ ਕੇਂਦਰਤ ਕਰਨ ਵਿੱਚ ਮਦਦ ਮਿਲ ਸਕੇ।

## ਪੇਰਨਟਿੰਗ ਆਰਡਰਸ ਪ੍ਰੋਗਰਾਮ ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾਵਾਂ ਕੀ ਹਨ?

ਪੇਰਨਟਿੰਗ ਆਰਡਰਸ ਪ੍ਰੋਗਰਾਮ ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾਵਾਂ, ਵੱਖ ਹੋ ਜਾਣ ਮਗਰੋਂ ਪਰਵਰਿਸ਼-ਸੰਬੰਧੀ ਪ੍ਰੋਗਰਾਮ ਹਨ ਜੋ ਪਰਿਵਾਰ ਕਨੂੰਨ ਅਧਿਨਿਯਮ ਦੇ ਹੇਠ ਆਉਂਦੇ ਹਨ। ਇਹ ਵੱਖ ਹੋ ਚੁੱਕੇ ਮਾਪਿਆਂ, ਜਿਨ੍ਹਾਂ ਦੇ ਵਿੱਚ ਬਹੁਤ ਜ਼ਿਆਦਾ ਝਗੜਾ ਹੁੰਦਾ ਹੈ, ਦੀ ਇਹ ਜਾਣਨ ਵਿੱਚ ਮਦਦ ਕਰਦੇ ਹਨ ਕਿ ਕਿਵੇਂ ਪਰਵਰਿਸ਼-ਸਬੰਧੀ ਝਗੜੇ ਬੱਚਿਆਂ ਤੇ ਪ੍ਰਭਾਵ ਪਾਉਂਦੇ ਹਨ ਅਤੇ ਕੀ ਕਾਰਨ ਹੈ ਕਿ ਬੱਚੇ ਚਾਹੁੰਦੇ ਹਨ ਉਨ੍ਹਾਂ ਦੇ ਮਾਂ-ਪਿਓ ਦਾ ਰਿਸ਼ਤਾ ਆਪਸ ਵਿੱਚ ਸਹਿਯੋਗਾਤਮਕ ਹੋਵੇ। ਇਹ ਮਾਪਿਆਂ ਦੀ, ਝਗੜੇ ਕਰਨ ਦੀ ਬਜਾਏ, ਬੱਚਿਆਂ ਦੀਆਂ ਲੋੜਾਂ ਤੇ ਧਿਆਨ ਕੇਂਦਰਿਤ ਕਰਵਾਉਣ ਵਿੱਚ ਮਦਦ ਕਰਦੇ ਹਨ ਅਤੇ ਅਜਿਹੇ ਇੰਤਜ਼ਾਮ ਕਰਦੇ ਹਨ ਜਿਸ ਨਾਲ ਮਾਂ-ਪਿਓ ਅਤੇ ਪਰਿਵਾਰ ਦੇ ਦੂਜੇ ਜੀਅ ਬੱਚੇ ਨਾਲ ਸਮਾਂ ਬਿਤਾ ਸਕਦੇ ਹਨ।

## ਪੇਰਨਟਿੰਗ ਆਰਡਰਸ ਪ੍ਰੋਗਰਾਮ ਲਈ ਕਿਉਂ ਜਾਇਆ ਜਾਵੇ?

ਕਈ ਵਾਰ ਵੱਖ ਹੋ ਚੁੱਕੇ ਪਰਿਵਾਰ ਆਪਣੇ ਬੱਚਿਆਂ ਨੂੰ ਦੇਖਣ/ਮਿਲਣ ਸਬੰਧੀ ਪ੍ਰਬੰਧਾਂ ਬਾਰੇ ਸਹਿਮਤ ਨਹੀਂ ਹੋ ਪਾਂਦੇ ਹਨ ਅਤੇ ਉਹ ਪੇਰਨਟਿੰਗ ਆਰਡਰ ਦਾ ਇਸਤੇਮਾਲ ਨਹੀਂ ਕਰ ਸਕਦੇ ਹਨ। ਮਾਂ-ਪਿਓ ਪਰਵਰਿਸ਼-ਸੰਬੰਧੀ ਆਦੇਸ਼ਾਂ ਲਈ ਅਦਾਲਤ ਗਏ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਇਨ੍ਹਾਂ ਆਦੇਸ਼ਾਂ ਦੀ ਪਾਲਣਾ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਪੇਰਨਟਿੰਗ ਆਰਡਰ ਪ੍ਰੋਗਰਾਮ, ਮਾਂ-ਪਿਓ ਦੀ ਇਹ ਜਾਣਨ ਵਿੱਚ ਮਦਦ ਕਰ ਸਕਦੇ ਹਨ ਕਿ ਬੱਚੇ ਆਪਣੇ ਵਿਕਾਸ ਦੀਆਂ ਵੱਖ-ਵੱਖ ਉਮਰਾਂ ਜਾਂ ਪੜਾਵਾਂ ਵਿੱਚ ਕੀ ਚਾਹੁੰਦੇ ਹਨ ਅਤੇ ਕੀ ਲੋੜਦੇ ਹਨ।

## ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਲਈ ਕਿਉਂ ਜਾਇਆ ਜਾਵੇ?

ਬਹੁਤ ਸਾਰੇ ਵੱਖ ਹੋ ਚੁੱਕੇ ਮਾਪੇ ਜਾਣਦੇ ਹਨ ਕਿ ਉਨ੍ਹਾਂ ਵਿਚਾਲੇ ਝਗੜੇ ਉਨ੍ਹਾਂ ਦੇ ਬੱਚੇ/ਬੱਚੀ ਨੂੰ ਦੁਖੀ ਕਰ ਰਹੇ ਹਨ ਪਰ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਕੋਲ ਹੁਣ ਹੋਰ ਕਰਨ ਲਈ ਕੁਝ ਨਹੀਂ ਹੈ। ਹੋ ਸਕਦਾ ਹੈ ਕਿ ਬੱਚੇ ਜਜ਼ਬਾਤੀ ਤੌਰ ਤੇ ਸੰਘਰਸ਼ ਕਰ ਰਹੇ ਹੋਣ ਭਾਵੇਂ ਉਹ ਉੱਪਰੋਂ ਦੀ ਦੇਖਣ ਵਿੱਚ ਠੀਕ ਵੀ ਲੱਗਣ। ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਤੁਹਾਡੀ ਇਹ ਜਾਣਨ ਵਿੱਚ ਮਦਦ ਕਰ ਸਕਦੀ ਹੈ ਕਿ ਮਾਪਿਆਂ ਦੇ ਵੱਖ ਹੋ ਜਾਣ ਤੋਂ ਬਾਅਦ ਬੱਚਿਆਂ ਨੂੰ ਕਿਸ ਚੀਜ਼ ਦੀ ਲੋੜ ਹੁੰਦੀ ਹੈ ਅਤੇ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਰਸਤੇ ਲੱਭਣ ਵਿੱਚ ਮਦਦ ਕਰ ਸਕਦੀ ਹੈ।

ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ, ਦੂਸਰੇ ਮਾਪੇ (ਮਾਂ ਜਾਂ ਪਿਓ) ਦੇ ਨਾਲ ਝਗੜੇ ਨੂੰ ਸੁਲਝਾਉਣ ਬਾਰੇ ਨਹੀਂ ਹੈ। ਇਹ ਇਸ ਬਾਰੇ ਹੈ ਕਿ ਵੱਖ ਹੋ ਚੁੱਕੇ ਮਾਪਿਆਂ ਵਿੱਚ ਹੋਣ ਵਾਲੇ ਝਗੜੇ ਬੱਚਿਆਂ ਤੇ ਕਿਵੇਂ ਪ੍ਰਭਾਵ ਪਾਉਂਦੇ ਹਨ ਅਤੇ ਤੁਸੀਂ, ਇੱਕ ਵਿਅਕਤੀ ਹੋਣ ਦੇ ਨਾਤੇ, ਇਸ ਬਾਰੇ ਕੀ ਕਰ ਸਕਦੇ ਹੋ। ਇਹ ਤੁਹਾਨੂੰ ਇਸ ਬਾਰੇ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਆਪਣੇ ਬੱਚੇ/ਆਪਣੀ ਬੱਚੀ ਦੀ ਮਦਦ ਕਿਵੇਂ ਕਰ ਸਕਦੇ ਹੋ, ਭਾਵੇਂ ਉਹ ਤੁਹਾਡੇ ਨਾਲ ਰਹਿ ਰਿਹਾ ਜਾਂ ਰਹੀ ਹੈ ਜਾਂ ਨਹੀਂ।

## ਪੇਰਨਟਿੰਗ ਆਰਡਰਸ ਪ੍ਰੋਗਰਾਮ ਕਿੰਨਾ ਲੰਮਾ ਹੁੰਦਾ ਹੈ?

ਪੇਰਨਟਿੰਗ ਆਰਡਰਸ ਪ੍ਰੋਗਰਾਮ, ਪਰਿਵਾਰਾਂ ਲਈ ਉੰਨੀ ਦੇਰ ਤਕ ਕੰਮ ਕਰ ਸਕਦਾ ਹੈ ਜਿੰਨੀ ਦੇਰ ਉਨ੍ਹਾਂ ਨੂੰ ਲੋੜ ਹੁੰਦੀ ਹੈ। ਇਹ ਤਿੰਨ ਮਹੀਨਿਆਂ ਲਈ ਹੋ ਸਕਦੇ ਹਨ ਜਾਂ ਇਸ ਵਿੱਚ ਦੋ ਸਾਲ ਵੀ ਲੱਗ ਸਕਦੇ ਹਨ।

## ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਵਿੱਚ ਕਿੰਨਾ ਸਮਾਂ ਲੱਗੇਗਾ?

ਇਸ ਸਿੱਖਿਆਤਮਕ ਸੇਮਿਨਾਰ ਵਿੱਚ ਆਮ ਤੌਰ ਤੇ ਲਗਭਗ ਅੱਧਾ ਕੁ ਦਿਨ ਲੱਗੇਗਾ। ਉਸ ਤੋਂ ਬਾਅਦ, ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਇਸ ਤੋਂ ਇਲਾਵਾ ਹੋਰ ਸਲਾਹ ਅਤੇ ਮਦਦ ਪ੍ਰਦਾਨ ਕਰ ਸਕਦੀ ਹੈ। ਇਸ ਵਿੱਚ ਕੁਝ ਹਫਤੇ ਜਾਂ ਕਈ ਮਹੀਨੇ ਲੱਗ ਸਕਦੇ ਹਨ।

## ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਤਾਂ ਕੀ ਕਰਨਾ ਚਾਹੀਦਾ ਹੈ?

ਪੇਰਨਟਿੰਗ ਆਰਡਰਸ ਪ੍ਰੋਗਰਾਮ ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾਵਾਂ ਨੇ ਗਾਹਕਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਇੰਤਜ਼ਾਮ ਕੀਤੇ ਹੋਏ ਹਨ। ਜੇ ਤੁਹਾਡੇ ਆਪਣੀ ਜਾਂ ਆਪਣੇ ਬੱਚੇ ਦੀ ਸੁਰੱਖਿਆ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਸਰਵਿਸ ਸਟਾਫ ਨੂੰ ਛੇਤੀ ਤੋਂ ਛੇਤੀ ਦੱਸਣਾ ਚਾਹੀਦਾ ਹੈ।

## ਕੀ ਮੇਰਾ ਬੱਚਾ ਸੁਰੱਖਿਅਤ ਹੋਵੇਗਾ?

ਪੇਰਨਟਿੰਗ ਆਰਡਰਸ ਪ੍ਰੋਗਰਾਮ ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਵਿੱਚ ਪਰਿਵਾਰ ਦੇ ਸਾਰੇ ਜੀਆਂ ਦੀ ਸੁਰੱਖਿਆ ਬਹੁਤ ਮਾਇਨੇ ਰੱਖਦੀ ਹੈ। ਜੇ ਤੁਹਾਨੂੰ ਆਪਣੇ ਬੱਚੇ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਹੈ, ਤਾਂ ਇਸਦੀ ਚਰਚਾ ਆਪਣੇ ਸਟਾਫ ਨਾਲ ਕਰੋ।

## ਪੇਰਨਟਿੰਗ ਆਰਡਰਸ ਪ੍ਰੋਗਰਾਮ ਅਤੇ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਲਈ ਕੌਣ ਜਾ ਸਕਦਾ ਹੈ?

ਵੱਖ ਹੋ ਚੁੱਕੇ ਮਾਪੇ ਜੋ ਆਪਸ ਵਿੱਚ ਗੱਲ ਨਹੀਂ ਕਰਦੇ ਜਾਂ ਪਰਵਰਿਸ਼-ਸੰਬੰਧੀ ਪ੍ਰਬੰਧਾਂ ਜਾਂ ਅਦਾਲਤ ਦੇ ਆਦੇਸ਼ਾਂ ਨੂੰ ਲੈ ਕੇ ਪਰੇਸ਼ਾਨ ਹਨ, ਉਹ ਪੇਰਨਟਿੰਗ ਆਰਡਰਸ ਪ੍ਰੋਗਰਾਮ ਲਈ ਜਾ ਸਕਦੇ ਹਨ। ਤੁਸੀਂ ਆਪਣੇ ਆਪ ਵੀ ਕੁਝ ਪ੍ਰੋਗਰਾਮਾਂ ਤੇ ਜਾ ਸਕਦੇ ਹੋ ਜਾਂ ਤੁਸੀਂ ਜੋੜੇ ਦੇ ਰੂਪ ਵਿੱਚ ਜਾਂ ਪਰਿਵਾਰ ਦੇ ਰੂਪ ਵਿੱਚ ਇਸ ਵਿੱਚ ਜਾ ਸਕਦੇ ਹੋ। ਤੁਹਾਡੇ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਵੱਖ ਹੋ ਚੁੱਕੇ ਮਾਪੇ ਜੋ ਲੜ੍ਹਾਈ ਤੋਂ ਬਿਨਾਂ ਗੱਲ ਤਕ ਨਹੀਂ ਕਰ ਸਕਦੇ, ਉਹ ਵੀ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਲਈ ਜਾ ਸਕਦੇ ਹਨ। ਇਹ ਸੇਵਾਵਾਂ ਮਾਂ-ਪਿਓ ਲਈ ਵੱਖ-ਵੱਖ ਸਮੇਂ ਤੇ ਆਉਣ ਦੀ ਵਿਵਸਥਾ ਕਰਣਗੀਆਂ ਤਾਂ ਕਿ ਉਨ੍ਹਾਂ ਨੂੰ ਮਿਲਣਾ ਨਾ ਪਏ। ਇਸ ਪ੍ਰੋਗਰਾਮ ਦਾ ਉਦੇਸ਼ ਦੋਵੇਂ ਮਾਪਿਆਂ ਨੂੰ ਵੱਖ-ਵੱਖ ਦੇਖਣਾ ਹੈ ਅਤੇ ਇਹ ਉਦੋਂ ਵੀ ਮਦਦਗਾਰ ਹੁੰਦਾ ਹੈ ਜਦੋਂ ਦੋਹਾਂ ਵਿੱਚੋਂ ਸਿਰਫ ਇੱਕ ਹੀ ਆਉਂਦਾ ਹੈ।

## ਪੇਰਨਟਿੰਗ ਆਰਡਰਸ ਪ੍ਰੋਗਰਾਮ ਦੇ ਦੌਰਾਨ ਕੀ ਹੁੰਦਾ ਹੈ?

ਅਜਿਹੀਆਂ ਕਈ ਗੱਲਾਂ ਹਨ ਜੋ ਪੇਰਨਟਿੰਗ ਆਰਡਰਸ ਪ੍ਰੋਗਰਾਮ ਦੇ ਹਿੱਸੇ ਵਜੋਂ ਵਾਪਰ ਸਕਦੀਆਂ ਹਨ। ਇਨ੍ਹਾਂ ਵਿੱਚ ਪਰਿਵਾਰਕ ਸਲਾਹਕਾਰ ਨਾਲ ਗੱਲ ਕਰਨਾ, ਸੂਚਨਾਪ੍ਰਦ ਸੇਮਿਨਾਰ ਤੇ ਜਾਣਾ, ਇੱਕੋ ਜਿਹੇ ਮੁੱਦਿਆਂ ਨਾਲ ਜੂਝ ਰਹੇ ਦੂਜੇ ਮਾਪਿਆਂ ਦੇ ਨਾਲ ਇੱਕ ਸਿੱਖਿਆਤਮਕ ਸਮੂਹ ਵਿੱਚ ਭਾਗ ਲੈਣਾ ਅਤੇ, ਜੇ ਦੋਵੇਂ ਮਾਪੇ ਇੱਛੁਕ ਹੋਣ, ਤਾਂ ਪਰਿਵਾਰਕ ਝਗੜੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨਾ ਸ਼ਾਮਲ ਹੈ।

## ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਤੇ ਕੀ ਹੁੰਦਾ ਹੈ?

ਅਜਿਹੀਆਂ ਕਈ ਗੱਲਾ ਹਨ ਜੋ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਦੇ ਹਿੱਸੇ ਵਜੋਂ ਵਾਪਰ ਸਕਦੀਆਂ ਹਨ। ਇਸੇ ਤਰ੍ਹਾਂ ਦੇ ਮੁੱਦਿਆਂ ਨਾਲ ਜੂਝ ਰਹੇ ਦੂਜੇ ਮਾਪਿਆਂ ਦੇ ਨਾਲ ਇਸ ਵਿੱਚ ਹਮੇਸ਼ਾ ਸਿੱਖਿਆਤਮਕ ਸੇਮਿਨਾਰ ਸ਼ਾਮਲ ਹੁੰਦਾ ਹੈ। ਪਰਿਵਾਰ-ਸੰਬੰਧੀ ਸਲਾਹਕਾਰ ਤੁਹਾਡੀਆਂ ਲੋੜਾਂ ਦੇ ਆਧਾਰ ਤੇ ਹੋਰ ਸਹਾਇਤਾ ਵੀ ਪ੍ਰਦਾਨ ਕਰੇਗਾ। ਇਹ ਸੇਵਾ ਇਸ ਬਾਰੇ ਦੱਸੇਗੀ ਕਿ ਤੁਸੀਂ ਉਨ੍ਹਾਂ ਨਾਲ ਗੱਲ ਕਰਨ ਦੌਰਾਨ ਕਿਸ ਗੱਲ ਦੀ ਉਮੀਦ ਕਰ ਸਕਦੇ ਹੋ।

## ਇਸ ਵਿੱਚ ਮੇਰੇ ਬੱਚਿਆਂ ਲਈ ਕੀ ਮਦਦ ਉਪਲਬਧ ਹੈ?

ਪੇਰਨਟਿੰਗ ਆਰਡਰਸ ਪ੍ਰੋਗਰਾਮ ਦੇ ਹਿੱਸੇ ਵਜੋਂ ਬੱਚੇ ਪਰਿਵਾਰ-ਸੰਬੰਧੀ ਸਲਾਹਕਾਰ ਨਾਲ ਗੱਲ ਕਰ ਸਕਦੇ ਹਨ। ਉਹ ਅਜਿਹੇ ਦੂਜੇ ਬੱਚਿਆਂ ਦੇ ਨਾਲ ਵੀ ਸਮੂਹ ਵਿੱਚ ਆ ਸਕਦੇ ਹਨ ਜਿਨ੍ਹਾਂ ਦੇ ਪਰਿਵਾਰਾਂ ਨੂੰ ਵੀ ਇਸ ਤਰ੍ਹਾਂ ਦੀਆਂ ਹੀ ਸਮੱਸਿਆਵਾਂ ਹਨ। ਇਹ ਉਨ੍ਹਾਂ ਦੀ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਪਰਿਵਾਰਾਂ ਵਿੱਚ ਕੀ ਕੁਝ ਹੁੰਦਾ ਹੈ।

ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਦਾ ਉਦੇਸ਼ ਮਾਪਿਆਂ ਰਾਹੀਂ ਉਨ੍ਹਾਂ ਦੇ ਬੱਚਿਆਂ ਦੀ ਮਦਦ ਕਰਨਾ ਹੈ। ਕੁਝ ਸੰਸਥਾਵਾਂ ਇੱਕ ਅਲੱਗ ਪ੍ਰੋਗਰਾਨ ਦੇ ਤਹਿਤ ਬੱਚਿਆਂ ਲਈ ਸਲਾਹ ਜਾਂ ਹੋਰ ਵਿਸ਼ੇਸ਼ੀਕ੍ਰਿਤ ਮਦਦ ਪ੍ਰਦਾਨ ਕਰ ਸਕਦੀਆਂ ਹਨ;

ਜਾਂ ਉਹ ਦੂਜੀਆਂ ਸਥਾਨਕ ਸੇਵਾਵਾਂ ਦੀ ਵੀ ਸਲਾਹ ਦੇ ਸਕਦੀਆਂ ਹਨ। ਤੁਸੀਂ ਕਿਸੇ ਵੀ ਸਮੇਂ ਇਸ ਸਰਵਿਸ ਦੇ ਨਾਲ ਆਪਣੇ ਬੱਚੇ ਦੀਆਂ ਲੋੜਾਂ ਦੀ ਚਰਚਾ ਕਰ ਸਕਦੇ ਹੋ।

## ਮੈਂ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਦਾ ਇਸਤੇਮਾਲ ਕਦੋਂ ਕਰਾ?

ਅਦਾਲਤ ਮਾਪਿਆਂ ਨੂੰ ਇਸ ਪ੍ਰੋਗਰਾਮ ਜਾਂ ਸਰਵਿਸ ਤੇ ਜਾਣ ਲਈ ਪ੍ਰੋਤਸਾਹਿਤ ਕਰ ਜਾਂ ਆਦੇਸ਼ ਦੇ ਸਕਦੀ ਹੈ। ਤੁਹਾਨੂੰ ਜਾਂ ਤੁਹਾਡੇ ਬੱਚੇ ਦੇ ਦੂਜੇ ਮਾਂ/ਪਿਓ ਨੂੰ ਬਾਲ ਸੰਪਰਕ ਸੇਵਾ, ਫੈਮਿਲੀ ਰਿਲੇਸ਼ਨਸ਼ਿਪ ਸੈਂਟਰ, ਪਰਿਵਾਰਕ ਸਲਾਹਕਾਰ ਜਾਂ ਵੱਖ ਹੋਣ ਮਗਰੋਂ ਤੁਹਾਡੇ ਪਰਿਵਾਰ ਦੀ ਮਦਦ ਕਰ ਰਹੀ ਕੋਈ ਹੋਰ ਸੇਵਾ ਦੁਆਰਾ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਕਈ ਵਾਰ, ਮਾਂ-ਪਿਓ ਆਪਣੇ ਆਪ ਹੀ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਤੇ ਜਾਣ ਦਾ ਫੈਸਲਾ ਕਰਦੇ ਹਨ।

## ਇਸ ਵਿੱਚ ਮੇਰੇ ਦੁਆਰਾ ਦੱਸੀਆਂ ਜਾਣ ਵਾਲੀਆਂ ਗੱਲਾਂ ਗੁਪਤ ਰਹਿੰਦੀਆਂ ਹਨ?

ਹਾਂ, ਪਰਿਵਾਰਕ ਕਨੂੰਨ ਅਧਿਨਿਯਮ ਦੇ ਤਹਿਤ, ਤੁਸੀਂ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਵਿੱਚ ਪਰਿਵਾਰਕ ਸਲਾਹਕਾਰ ਜਾਂ ਪਰਿਵਾਰਕ ਝਗੜਿਆਂ ਦੇ ਸਮਾਧਾਨ-ਕਰਤਾ ਦੇ ਸਾਮ੍ਹਣੇ ਜੋ ਵੀ ਕਹਿੰਦੇ ਹੋ, ਗੁਪਤ ਰਹਿੰਦਾ ਹੈ –ਕੁਝ ਸਥਿਤੀਆਂ ਨੂੰ ਛੱਡ ਕੇ, ਜਿਵੇਂ ਕਿ ਕਿਸੇ ਦੀ ਜਿੰਦਗੀ ਜਾਂ ਸਿਹਤ ਨੂੰ ਹੋਣ ਵਾਲੇ ਗਭੀਰ ਖਤਰੇ ਨੂੰ ਰੋਕਣ ਲਈ ਜਾਂ ਅਪਰਾਧ ਹੋਣ ਤੋਂ ਰੋਕਣ ਲਈ। ਇੱਕ ਪਰਿਵਾਰਕ ਸਲਾਹਕਾਰ ਅਤੇ ਪਰਿਵਾਰਕ ਝਗੜਿਆਂ ਦੇ ਸਮਾਧਾਨ-ਕਰਤਾ ਲਈ ਬਾਲ ਸ਼ੋਸ਼ਣ ਜਾਂ ਜੇ ਦੁਰਵਿਹਾਰ ਦਾ ਕੋਈ ਖਤਰਾ ਹੈ, ਬਾਰੇ ਅਧਿਕਾਰੀਆਂ ਨੂੰ ਰਿਪੋਰਟ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਇਸਦਾ ਇਸਤੇਮਾਲ ਕੁਝ ਸਥਿਤੀਆਂ ਵਿੱਚ ਸਬੂਤ ਦੇ ਤੌਰ ਤੇ ਕੀਤਾ ਜਾ ਸਕਦਾ ਹੈ।

## ਇਸਦਾ ਕਿੰਨਾ ਖਰਚਾ ਆਵੇਗਾ?

ਕਈ ਵਾਰ ਤੁਹਾਡੇ ਕੋਲੋਂ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਤੇ ਜਾਣ ਲਈ ਫੀਸ ਵਸੂਲੀ ਜਾਵੇਗੀ। ਤੁਹਾਡੀ ਭੁਗਤਾਨ-ਯੋਗ ਰਕਮ ਤੁਹਾਡੇ ਆਰਥਿਕ ਹਲਾਤਾਂ ਉੱਤੇ ਨਿਰਭਰ ਕਰੇਗੀ। ਜੇ ਤੁਹਾਡੀ ਆਮਦਨੀ ਘੱਟ ਹੈ ਜਾਂ ਤੁਸੀਂ ਆਰਥਿਕ ਸਮੱਸਿਆਵਾਂ ਤੋਂ ਜੂਝ ਰਹੇ ਹੋ, ਤਾਂ ਸਰਵਿਸ ਨੂੰ ਦੱਸੋ ਕਿਉਂਕਿ ਇਸਨੇ ਇਹ ਯਕੀਨੀ ਬਣਾਉਣ ਲਈ ਇੰਤਜਾਮ ਕੀਤੇ ਹੋਏ ਹਨ ਕਿ ਤੁਸੀਂ ਅਜੇ ਵੀ ਪ੍ਰੋਗਰਾਮ ਵਿੱਚ ਆ ਸਕਦੇ ਹੋ।

## ਅਦਾਲਤ ਜਾਣਾ

ਜੇ ਤੁਸੀਂ ਆਪਣੇ ਬੱਚੇ ਬਾਰੇ ਫੈਸਲਾ ਲੈਣ ਲਈ ਅਦਾਲਤ ਜਾਣ ਦਾ ਨਿਰਣਾ ਕਰਦੇ ਹੋ, ਤਾ ਅਦਾਲਤ ਤੁਹਾਨੂੰ ਜਾਂ ਦੂਜੇ ਮਾਂ/ਪਿਓ ਨੂੰ ਜਾਂ ਦੋਹਾਂ ਨੂੰ ਪੋਸਟ ਸੈਪਰੇਸ਼ਨ ਪੇਰਨਟਿੰਗ ਪ੍ਰੋਗਰਾਮ ਵਿੱਚ ਭਾਗ ਲੈਣ ਦੀ ਸਿਫਾਰਿਸ਼ ਕਰ ਸਕਦੀ ਹੈ ਜਾਂ ਆਦੇਸ਼ ਦੇ ਸਕਦੀ ਹੈ। ਅਦਾਲਤ ਆਦੇਸ਼ ਦੇ ਸਕਦੀ ਹੈ ਕਿ ਤੁਸੀਂ ਅਦਾਲਤ ਦੀ ਕਾਰਵਾਈ ਦੇ ਦੌਰਾਨ ਕਿਸੇ ਵੀ ਸਮੇਂ ਇਨ੍ਹਾਂ ਪ੍ਰੋਗਰਾਮਾਂ ਤੇ

ਜਾਓ। ਅਦਾਲਤ ਤੁਹਾਨੂੰ ਜਾਂ ਦੂਜੇ ਮਾਂ/ਪਿਓ ਨੂੰ ਨਿਗਰਾਨੀ-ਹੇਠ ਅਦਲਾ-ਬਦਲੀਆਂ ਵਿੱਚ ਭਾਗ ਲੈਣ ਦਾ ਜਾਂ ਬਾਲ ਸੰਪਰਕ ਸੇਵਾ ਵਿਖੇ ਸੰਪਰਕ ਮੁਲਾਕਾਤਾਂ ਵਿੱਚ ਭਾਗ ਲੈਣ ਦਾ ਆਦੇਸ਼ ਦੇ ਸਕਦੀ ਹੈ।

ਜੇ ਤੁਸੀਂ ਜਾਂ ਦੂਜੇ ਮਾਂ/ਪਿਓ ਨੇ ਪੇਰਨਟਿੰਗ ਆਦੇਸ਼ ਦੀ ਪਾਲਣਾ ਨਹੀਂ ਕੀਤੀ ਹੈ, ਤਾਂ ਅਦਾਲਤ ਤੁਹਾਨੂੰ ਪੋਸਟ ਸੈਪਰੇਸ਼ਨ ਪੇਰਨਟਿੰਗ ਪ੍ਰੋਗਰਾਮ ਤੇ ਜਾਣ ਦਾ ਹੋਰ ਆਦੇਸ਼ ਦੇ ਸਕਦੀ ਹੈ। ਅਦਾਲਤ ਇਸ ਆਦੇਸ਼ ਦੀ ਪਾਲਣਾ ਨਾ ਕਰਨ ਵਾਲੇ ਵਿਅਕਤੀ ਨੂੰ ਇਹ ਆਦੇਸ਼ ਦੇ ਸਕਦੀ ਹੈ ਕਿ ਉਹ ਦੂਜੀ ਪਾਰਟੀ ਦੇ ਕਾਰਵਾਈਆਂ ਸਬੰਧੀ ਕਨੂੰਨੇ ਖਰਚੇ ਦਾ ਭੁਗਤਾਨ ਕਰੇ।

## ਮੈਂ ਪੇਰਨਟਿੰਗ ਆਰਡਰਸ ਪ੍ਰੋਗਰਾਮ ਜਾਂ ਪੋਸਟ ਸੈਪਰੇਸ਼ਨ ਕੋਅਪਰੇਟਿਵ ਪੇਰਨਟਿੰਗ ਸੇਵਾ ਦਾ ਪਤਾ ਕਿਵੇਂ ਲਗਾਵਾਂ?

ਤੁਸੀਂ ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ ਨੂੰ **1800 050 321** ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ** ਅਤੇ **ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ** (ਨੈਸ਼ਨਲ ਪਬਲਿਕ ਛੁੱਟੀਆਂ ਨੂੰ ਛੱਡ ਕੇ) ਕਾਲ ਕਰ ਸਕਦੇ ਹੋ। ਉਹ ਤੁਹਾਡੇ ਨੇੜਲੇ ਪ੍ਰੋਗਰਾਮ ਜਾਂ ਸਰਵਿਸ ਨੂੰ ਲੱਭਣ ਵਿੱਚ ਮਦਦ ਕਰ ਸਕਦੇ ਹਨ ਜਾਂ ਤੁਹਾਡੇ ਨੇੜੇ ਕਿਸੇ ਹੋਰ ਢੁਕਵੀਂ ਸੇਵਾ ਦਾ ਸੁਝਾਅ ਦੇ ਸਕਦੇ ਹਨ।

ਪਰਿਵਾਰ-ਸੰਬੰਧੀ ਹੋਰਨਾਂ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਤੁਸੀਂ ਫੈਮਿਲੀ ਰਿਲੇਸ਼ਨਸ਼ਿਪਸ ਆਨਲਾਈਨ ਬਾਰੇ www.familyrelationships.gov.au ਤੇ ਵੀ ਦੇਖ ਸਕਦੇ ਹੋ।